ਪੰਜਾਬ ਸਰਕਾਰ

ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ

(ਪਸ਼ੂ ਪਾਲਣ 1 ਸ਼ਾਖਾ)

<u>ਅਧਿਸੂਚਨਾ</u>

ਮਿਤੀ 21 ਅਕਤੂਬਰ 2014

ਨੰਬਰ:28/112/2014-ਪਪ1(2)/4432 ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਵਿੱਚ ਅਵਾਰਾਂ ਜਾਨਵਰਾਂ ਤੇ ਕਾਬੂ ਪਾਉਣ ਦੇ ਕੰਮ ਲਈ ਹਰ ਜਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਕੈਂਟਲ ਪਾਊਡ ਦੀ ਮੈਨਜਮੈਂਟ ਲਈ ਜਿਲ੍ਹਾ ਪਸ਼ੂ ਭਲਾਈ ਸੋਸਾਇਟੀ ਦਾ ਗਠਨ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਇਹ ਸੋਸਾਇਟੀ ਸਬੰਧਤ ਡਿਪਟੀ ਕਮਿਸ਼ਨਰ ਵੱਲੋ ਰਜਿਸਟਰੇਸ਼ਨ ਆਫ ਸੋਸਾਇਟੀ ਐਕਟ 1860 ਅਧੀਨ ਰਜਿਸਟਰਡ ਕਰਵਾਈ ਜਾਵੇਗੀ। ਸੋਸਾਈਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:-

| | | |
|---|---|---|
| 1. | ਸਬੰਧਤ ਜਿਲ੍ਹੇ ਦਾ ਡਿਪਟੀ ਕਮਿਸ਼ਨਰ | ਚੇਅਰਮੈਨ |
| 2. | ਮਿਉਂਸਪਲ ਕਾਰਪੋਰੇਸ਼ਨ/ਕਮੇਟੀ ਦਾ ਨੁਮਾਇੰਦਾ | ਮੈਂਬਰ |
| 3. | ਅਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) | ਮੈਂਬਰ-ਸਕੱਤਰ |
| 4. | ਸੀਨੀਅਰ ਸੁਪਰਡੈਂਟ ਆਫ ਪੁਲਿਸ(ਐਸ.ਐਸ.ਪੀ.) | ਮੈਂਬਰ |
| 5. | ਡਿਸਟ੍ਰਿਕ ਡਿਵੈਲਪਮੈਂਟ ਐਂਡ ਪੰਚਾਇਤ ਅਫਸਰ(ਡੀ.ਡੀ.ਪੀ.ਓ.) | ਮੈਂਬਰ |
| 6. | ਡਿਪਟੀ ਡਾਇਰੈਕਟਰ, ਪਸ਼ੂ ਪਾਲਣ | ਮੈਂਬਰ |
| 7. | ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ | ਮੈਂਬਰ |
| ੪. | ਜਿਲ੍ਹਾ ਜੰਗਲਾਤ ਅਫਸਰ | ਮੈਂਬਰ |
| 9. | ਜਿਲ੍ਹੇ ਵਿੱਚ ਪੈਂਦੀਆਂ ਤਹਿਸੀਲਾਂ ਦੇ ਐਸ.ਡੀ.ਐਮ. | ਮੈਂਬਰ |
| 10. | ਪਸ਼ੂਆਂ ਦੇ ਇਲਾਜ/ਭਲਾਈ ਆਦਿ ਨਾਲ ਸਬੰਧਤ ਪਤਵੰਤੇ ਸੱਜਣ, ਗਊਸ਼ਾਲਾਵਾਂ, ਐਨ.ਜੀ.ਓਜ਼ ਆਦਿ ਦੇ 10 ਮੈਂਬਰ ।( ਸਰਕਾਰ ਵੱਲੋਂ ਨਾਮਜਦ) | ਮੈਂਬਰਜ਼ |

2.2 ਪਸ਼ੂ ਭਲਾਈ ਸੋਸਾਇਟੀ ਦੀ ਜ਼ੁੰਮੇਵਾਰੀ ਅਤੇ ਕੰਮ:-

1) ਸੋਸਾਇਟੀ ਆਪਣੀ ਪੱਧਰ ਤੇ ਜਿਲ੍ਹੇ ਵਿੱਚ ਪੰਚਾਇਤ ਵਿਭਾਗ ਨਾਲ ਤਾਲਮੇਲ ਕਰਕੇ ਘੱਟੋ-ਘੱਟ 25 ਏਕੜ ਢੁਕਵੀਂ ਪੰਚਾਇਤੀ ਜਮੀਨ ਦੀ ਸ਼ਨਾਖਤ ਕਰੇਗੀ । ਇਹ ਜਮੀਨ ਸਬੰਧਤ ਪੰਚਾਇਤ ਵੱਲੋ ਸੋਸਾਇਟੀ ਨੂੰ ਨੋਮੀਨਲ ਦਰ ਤੇ ਲੀਜ ਵਜੋ ਪ੍ਰਦਾਨ ਕੀਤੀ ਜਾਵੇਗੀ।

2) ਕੈਟਲ ਪੌਂਡ ਲਈ ਲੋੜੀਂਦੇ ਇਨਫਰਾਸਟ੍ਰਕਚਰ ਦੀ ਉਸਾਰੀ ਜਿਲ੍ਹਾ ਪੱਧਰੀ ਸੋਸਾਇਟੀ ਕਰਵਾਏਗੀ । ਇਸ ਮੰਤਵ ਲਈ ਪੇਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਕੈਟਲ ਫੇਅਰ ਫੰਡ ਵਿਚੋਂ ਸੋਸਾਇਟੀ ਨੂੰ ਗ੍ਰਾਂਟ -ਇਨ -ਏਡ ਮੁਹੱਈਆ ਕਰਵਾਈ ਜਾਵੇਗੀ ਅਤੇ ਬਾਕੀ ਦੀ ਰਾਸ਼ੀ ਸੋਸਾਇਟੀ ਆਪਣੇ ਵਸੀਲਿਆਂ ਤੋਂ ਜੁਟਾ ਕੇ ਲੋੜ ਅਨੁਸਾਰ ਇਨਫਰਾਸਟ੍ਰਕਚਰ ਵਿਚ ਵਾਧਾ ਕਰੇਗੀ।

3) ਸੋਸਾਈਟੀ ਵੱਲੋਂ ਕੈਟਲ ਪੌਂਡ ਤੇ ਲਗਭੱਗ 2000 ਜਾਨਵਰਾਂ ਦਾ ਰੱਖ-ਰਖਾਵ ਅਤੇ ਸਾਂਭ ਸੰਭਾਲ ਕੀਤੀ ਜਾਵੇਗਾ ਅਤੇ ਜੇਕਰ ਸਬੰਧਤ ਸੋਸਾਇਟੀ ਲੋੜ ਮਹਿਸੂਸ ਕਰੇਗੀ ਤਾਂ ਜਿਲ੍ਹੇ ਵਿੱਚ ਹੋਰ ਵੀ ਕੈਟਲ ਪੌਂਡਜ਼ ਤਿਆਰ ਕਰਵਾਏਗੀ ।

4) ਸੋਸਾਇਟੀ ਆਪਣੇ ਪੱਧਰ ਤੇ ਦਾਨ ਦੇ ਤੌਰ ਤੇ ਅਤੇ ਹੋਰ ਉਪਰਾਲਿਆ ਰਾਹੀ ਪ੍ਰਾਪਤ ਹੋਣੀ ਰਾਸ਼ੀ ਨਾਲ ਕੈਟਲ ਪੌਂਡ ਵਿਚ ਰਖੇ ਜਾਨਵਰਾਂ ਦੀ ਸਾਂਭ-ਸੰਭਾਲ ਕਰਵਾਏਗੀ ਅਤੇ ਪਸ਼ੂ ਪਾਲਣ ਵਿਭਾਗ ਨਾਲ ਤਾਲਮੇਲ ਕਰਕੇ ਅਵਾਰਾ ਪਸ਼ੂਆਂ ਦੀ ਸਿਹਤ ਸੰਭਾਲ, ਟੀਕਾਕਰਨ ਆਦਿ ਦਾ ਕੰਮ ਕਰਵਾਏਗੀ ।ਇਸ ਦੇ ਨਾਲ ਹੀ ਜੰਗਲਾਤ ਵਿਭਾਗ ਨਾਲ ਤਾਲਮੇਲ ਕਰਕੇ ਵੱਡੀ ਪੱਧਰ ਤੇ ਕੈਟਲ ਪੌਂਡ ਵਿਚ ਦਰਖੱਤ ਲਗਵਾਏਗੀ ।

(11)

5) ਇਸ ਤੋਂ ਇਲਾਵਾ ਹੋਰ ਵੀ ਕੋਈ ਕੰਮ, ਜੋ ਕਿ ਅਵਾਰਾ ਗਊਧਨ ਦੀ ਸਾਂਭ-ਸੰਭਾਲ ਲਈ ਜਰੂਰੀ ਹੋਵੇਗਾ ਜਾਂ ਜਰੂਰੀ ਸਮਝੇਗੀ, ਕਰਵਾਏਗੀ ।

2.3 ਕੈਟਲ ਪੌਂਡ ਲਈ ਤਿਆਰ ਕੀਤੇ ਜਾਣ ਵਾਲੇ ਇਨਫਰਾਸਟ੍ਰਕਚਰ ਸਬੰਧੀ ।

ਪੰਚਾਇਤੀ ਰਾਜ ਵਿਭਾਗ ਵੱਲੋ ਕੈਟਲ ਪੌਂਡ ਬਨਾਉਣ ਲਈ ਲੋੜੀਂਦੀ ਪੰਚਾਇਤੀ ਜ਼ਮੀਨ 33 ਸਾਲੋਂ ਦੀ ਲੀਜ਼ ਤੇ ਘੱਟੋ-ਘੱਟ 25 ਏਕੜ ਪੰਚਾਇਤੀ ਜਮੀਨ ਮੁਹੱਈਆ ਕਰਵਾਈ ਜਾਵੇਗੀ । ਇਸ ਜਮੀਨ ਉਪਰ ਲਗਭੱਗ 2000 ਜਾਨਵਰਾਂ ਦੇ ਰੱਖ-ਰਖਾਵ ਲਈ ਲੋੜੀਂਦੇ ਸੈਡ, ਹਰੇ ਪੱਠਿਆ ਲਈ ਸੈਡ, ਤੂੜੀ ਲਈ ਸਟੋਰ, ਚੌਕੀਦਾਰ ਲਈ ਰਿਹਾਇਸ, ਜਾਨਵਰਾਂ ਦੀ ਸਰਖਿਆ ਲਈ ਚਾਰਦੀਵਾਰੀ ਆਦਿ ਦੀ ਉਸਾਰੀ ਕੀਤੀ ਜਾਵੇਗੀ ਅਤੇ ਬਿਜਲੀ ਪਾਣੀ ਦਾ ਇੰਤਜਾਮ ਵੀ ਕੀਤਾ ਜਾਵੇਗਾ । ਇਹ ਸਾਰੇ ਕੰਮ ਰਾਸ਼ੀ ਦੀ ਉਪਲਬੱਧਤਾ ਅਨੁਸਾਰ ਫੇਜ਼ਡ ਮੈਨਰ ਵਿਚ ਕਰਵਾਏ ਜਾਣਗੇ ।

ਜੀ. ਵਜਰਾਲਿੰਗਮ
ਵਿੱਤੀ ਕਮਿਸ਼ਨਰ ਅਤੇ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਪਸ਼ੂ ਪਾਲਣ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ,
ਪੰਜਾਬ ।

ਚੰਡੀਗੜ੍ਹ ਮਿਤੀ
21.10.2014

ਪਿੰਠ ਅੰਕਣ ਨੰ:28/112/2014-ਪਪ1(2)/4433 ਚੰਡੀਗੜ੍ਹ ਮਿਤੀ 22/10/2014

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਪਸ਼ੂ ਪਾਲਣ, ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਪੈਡੂ ਵਿਕਾਸ ਅਤੇ ਪੰਚਾਇਤ ਵਿਭਾਗ, ਵਿਕਾਸ ਭਵਨ, ਐਸ.ਏ.ਐਸ.ਨਗਰ।
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ।
4. ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ,ਪੰਜਾਬ,ਚੰਡੀਗੜ੍ਹ।
5. ਸੁਪਰਡੰਟ, ਮੰਤਰੀ ਮੰਡਲ ਮਾਮਲੇ ਸ਼ਾਖਾ।
6. ਸਕੱਤਰ/ਪਸ਼ੂ ਪਾਲਣ ਮੰਤਰੀ, ਪੰਜਾਬ।
7. ਨਿੱਜੀ ਸਕੱਤਰ/ਵਿ:ਕ:ਪ:ਪ:
8. ਨਿੱਜੀ ਸਹਾਇਕ/ਸ:ਪ:ਪ:

ਸਕੱਤਰ ਪਸ਼ੂ ਪਾਲਣ।